# ਮੌਜੂਦਾ ਸਿੱਖ ਸੰਘਰਸ਼ ਦੇ ਪ੍ਰਮੁੱਖ ਵਕੀਲ, ਜੱਸਟਿਸ ਅਜੀਤ ਸਿੰਘ ਬੈਂਸ, ਨਹੀਂ ਰਹੇ

## – ਕੌਂਸਲ ਆਫ਼ ਖਾਲਿਸਤਾਨ ਵੱਲੋਂ ਹਾਰਦਿਕ ਸਰਧਾਂਝਲੀ

੧੧ ਫਰਵਰੀ ਰਾਤ ਨੂੰ ਹੋਇ ਸ: ਅਜੀਤ ਸਿੰਘ ਬੈਂਸ ਦੇ ਅਕਾਲ ਚਲਾਣੇ, ਸਿੱਖ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ, ਸਮੂਹ ਦੁਨੀਆ–ਭਰ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਜ਼ਾਹਰ ਕੀਤਾ ਗਿਆ ਹੈ, ਕਿਉਂਕਿ ਇਨ੍ਹਾਂ ਨੇ ਸਿੱਖ ਕੌਮ ਦੀ ਆਉਖੀ ਘੜੀ ਦੌਰਾਨ ਕੌਮ ਦੇ ਸਿਆਸੀ ਅਤੇ ਮਨੁੱਖੀ ਹੱਕਾਂ ਵਾਸਤੇ ਵੀ ਵਕਾਲਤ ਕਰਕੇ ਜ਼ਾਲਮ ਭਾਰਤੀ ਸਰਕਾਰਾਂ ਨੂੰ ਖੂੰਜੇ ਲਾਉਂਦੇ ਰਹੇ । ਇਹ ਬਿਆਨ ਕੌਂਸਲ ਆਫ਼ ਖਾਲਿਸਤਾਨ ਨੇ ਸੰਸਥਾ ਵੱਲੋਂ ਹਾਰਦਿਕ ਸਰਧਾਂਝਲੀ ਭੇਂਟ ਕਰਦਿਆ ਜਾਰੀ ਕੀਤਾ । ਅੱਗੇ ਕਿਹਾ ਕਿ ੩ ਦਿਹਾਕਿਆਂ ਦੀ ਸ਼ਾਨਦਾਰ ਨੌਕਰੀ ਛੱਡਣ ਪਿੱਛੋਂ ਵੀ, ਸਿੱਖ ਨੌਜਵਾਨਾਂ ਵਿਰੁੱਧ ਭਾਰਤੀ ਪ੍ਰਸ਼ਾਸ਼ਨ ਵੱਲੋਂ ਢਾਈ ਗਈ ਨੱਸਲ–ਕੁਸ਼ੀ ਨਾ ਸਹਾਰਦੇ ਹੋਏ ਏਨ੍ਹਾਂ ਦੀਆਂ ਸਰਕਾਰਾਂ ਨੂੰ ਕਾਨੂਨੀ ਤਰੀਕਿਆਂ ਨਾਲ ਘੇਰਿਆ ਅਤੇ ਹਜ਼ਾਰਾਂ ਨੌਜਵਾਨਾਂ ਨੂੰ ਗੈਰ–ਕਾਨੂਨੀ ਕੈਦ ਤੋਂ ਰਿਹਾਈ ਦਵਾਉਣ ਵਿਚ ਸਫਲ ਰਹੇ ।

ਇਸ ਕਰਕੇ ਸ਼ਹੀਦ ਬਾਬਾ ਮਾਨੋਚਾਹਲ ਵਾਲੀ ਸਰਬੱਤ ਖਾਲਸਾ ਵੱਲੋ ਚੁਣੀ ਪੰਥਕ ਕਮੇਟੀ ਦੇ ੧੯੯੬ ਦੇ ਖਾਲਿਸਤਾਨ ਦੇ ਏਲਾਣ–ਨਾਮੇ ਨੇ ਵੀ ਇਨ੍ਹਾਂ ਦੀਆਂ ਅਣਥੱਕ ਸੇਵਾਵਾਂ ਦਾ ਖਾਸ ਜ਼ਿੱਕਰ ਕੀਤਾ ਸੀ । ੧੯੯੨ ਵਿਚ ਪੰਜਾਬ ਚੋਣਾ ਦਾ ਕੀਤਾ ਬਾਈਕਾਟ ਏਨ੍ਹਾਂ ਨੇ ਕੌਮ ਦੀ ਸਿਆਸੀ ਆਤਮਹੱਤਿਆ ਵੀ ਦਰਸਾਇਆ ਅਤੇ ਬਿਅੰਤੇ ਦੀ ਬੁੱਚੜ ਸਰਕਾਰ ਨੇ ਆਪਣੇ ਕਤਲੇਆਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਏਨ੍ਹਾ ਨੂੰ ਗ੍ਰਿਫਤਾਰ ਕਰ ਲਿਆ ਸੀ ।

ਹਿੰਦੁਸਤਾਨ ਟਾਮਿਜ਼ ਅਖਬਾਰ ਮੁਤਾਬਿਕ ਵੀ ਉਹਨਾਂ ਦੀ ਸੰਸਥਾ ਨੇ ਹਜ਼ਾਰਾਂ ਨੌਜਵਾਨਾਂ ਦੇ ਕੀਤੇ ਗਏ ਫ਼ਰਜ਼ੀ ਮੁਕਾਬਲਿਆ ਤੋਂ ਬਾਦ ਕੀਤੇ ਗਏ ਗੁਪਤ ਸੰਸਕਾਰਾਂ ਨੂੰ ਵੀ ਉਹਨਾਂ ਨੇ ਜਨਤਾ ਸਾਹਮਣੇ ਲਿਆਂਦਾ । ੨੦੦੬ ਵਿਚ ਏਨ੍ਹਾਂ ਨੇ ਯੂ. ਕੇ. ਦੀ ਪਾਰਲੀਮੈਂਟ ਵਿਚ ਖਾਲਿਸਤਾਨ ਦਿਵਸ ਮੌਕੇ ਸੌਂਪੇ ਗਏ ਸੁਨਹਿਰੀ ਤਗਮਾ ਸਵੀਕਾਰ ਕਰਦਿਆ ਅੰਤਰ–ਰਾਸ਼ਟ੍ਰੀ ਕਾਨੂਨ ਅਧੀਨ, ਸ਼ਾਂਤਮਈ ਤੌਰ–ਤਰੀਕਿਆਂ ਨਾਲ, ਖਾਲਿਸਤਨ ਨੂੰ ਅਜ਼ਾਦ ਕਰਨ ਦੀ ਜ਼ਰੂਰਤ ਨੂੰ ਵੀ ਸਪੱਸ਼ਟ ਕੀਤਾ । ਆਪਣੇ ਦੂਸਰੇ ਦੌਰ ਮੌਕੇ ਵੀ ਯੂ.ਕੇ. ਦੀ ਪਾਰਲੀਮੈਂਟ ਅਤੇ ਏਥੈ ਦੀਆਂ ਸੰਗਤਾਂ ਤੱਕ ਵੀ ਪੁਲਸ–ਰਾਜ ਦੇ ਖਿਲਾਫ਼ ਅਤੇ ਕਾਨੂਨੀ ਰਾਜ ਦੇ ਹੱਕ ਵਿਚ ਪ੍ਰਚਾਰ ਕਰਦੇ ਰਹੇ ।

ਕੌਂਸਲ ਆਫ਼ ਖਾਲਿਸਤਾਨ ਵੱਲੋਂ ਉਨ੍ਹਾਂ ਦੇ ਪਰਵਾਰ ਨੂੰ ਇਸ ਸਦਮੇ ਨੂੰ ਸਹਾਰਨ ਦਾ ਹੌਸਲਾਂ ਦੇਂਦਿਆਂ, ਜੱਜ ਸਾਹਿਬ ਦੀਆਂ ਅਦੁੱਤੀਆਂ ਸੇਵਾਵਾਂ ਨੂੰ ਜਾਰ੍ਹੀ ਰੱਖਣ ਦੀ ਓਨ੍ਹਾਂ ਦੀ ਸੰਸਥਾ ਤੋਂ ਵੀ ਆਸ ਪ੍ਰਗਟਾਈ ।

See further [https://sarbatkhalsafoundation.org/wp-content/uploads/2017/04/2006-Conference-Report11-May.pdf](https://sarbatkhalsafoundation.org/wp-content/uploads/2017/04/2006-Conference-Report11-May.pdf)

